

# ਜਲੰਧਰ ਅਜੀਤ

ਅਜੀਤ, ਜਲੰਧਰ | ਬੁੱਧਵਾਰ, 29 ਅਕਤੂਬਰ 2025

6




## ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ

**ਰੇਡੀਓ**

ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਕੀਰਤਨ ਵਿਚ **29 ਅਕਤੂਬਰ** ਨੂੰ ਸ਼ਾਮ 4.00 ਤੋਂ 6.00 ਵਜੇ ਤੱਕ **ਭਾਈ ਦਵਿੰਦਰ ਸਿੰਘ ਅਤੇ 30 ਅਕਤੂਬਰ** ਨੂੰ ਸਵੇਰੇ 4.00 ਤੋਂ 6.00 ਵਜੇ ਤੱਕ **ਭਾਈ ਜਬਰਤੋੜ ਸਿੰਘ** 'ਆਸਾ ਦੀ ਵਾਰ' ਦਾ ਕੀਰਤਨ ਕਰਨਗੇ।



**ਪੀ. ਟੀ. ਸੀ.**

ਪੀ. ਟੀ. ਸੀ. ਪੰਜਾਬੀ ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਪ੍ਰੋਗਰਾਮ ਵਿਚ **29 ਅਕਤੂਬਰ** ਨੂੰ ਸ਼ਾਮ 5.00 ਤੋਂ 7.00 ਵਜੇ ਤੱਕ **ਭਾਈ ਦਵਿੰਦਰ ਸਿੰਘ**, ਕੀਰਤਨ, ਪਾਠ 'ਰਹਿਰਾਸ ਸਾਹਿਬ' ਉਪਰੰਤ 'ਆਰਤੀ' **ਭਾਈ ਗੁਰਸੇਵਕ ਸਿੰਘ** ਤੇ **30 ਅਕਤੂਬਰ** ਨੂੰ ਸਵੇਰੇ 3.45 ਵਜੇ ਤੋਂ 7.45 ਵਜੇ ਤੱਕ **ਭਾਈ ਜਬਰਤੋੜ ਸਿੰਘ ਤੇ ਭਾਈ ਗੁਰਜਿੰਦਰ ਸਿੰਘ** ਕੀਰਤਨ ਕਰਨਗੇ।


**ਐਸ. ਜੀ. ਪੀ. ਸੀ. ਵੈੱਬ ਚੈਨਲ 'ਤੇ ਸਵੇਰੇ 3.45 ਵਜੇ ਤੋਂ 8.30 ਵਜੇ ਤੱਕ, ਦੁਪਹਿਰ 12.30 ਵਜੇ ਤੋਂ 2.20 ਵਜੇ ਤੱਕ ਅਤੇ ਸ਼ਾਮ 6.00 ਵਜੇ ਤੋਂ 8.00 ਵਜੇ ਤੱਕ ਸਿੱਧਾ ਪ੍ਰਸਾਰਨ ਹੁੰਦਾ ਹੈ। ਐਸ. ਜੀ. ਪੀ. ਸੀ. ਦੇ ਮੋਬਾਈਲ ਐਪ ਤੋਂ ਅੰਮ੍ਰਿਤ ਵੇਲੇ ਤੋਂ ਸੁਖ ਆਸਨ ਤੱਕ ਦਾ ਪੂਰਾ ਸਮਾਗਮ ਸੁਣਿਆ ਜਾ ਸਕਦਾ ਹੈ।**

**ਮੁੱਖ ਵਾਕ ਦੀ ਕਥਾ :** 29 ਅਕਤੂਬਰ ਨੂੰ ਗਿਆਨੀ ਰਣਜੀਤ ਸਿੰਘ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਅਤੇ 30 ਅਕਤੂਬਰ ਨੂੰ ਬਾਬਾ ਬੰਤਾ ਸਿੰਘ ਮੁੰਡਾਪਿੰਡ, ਗੁ: ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਸਵੇਰੇ 7.45 ਵਜੇ ਤੋਂ 8.30 ਵਜੇ ਤੱਕ ਮੁੱਖ ਵਾਕ ਦੀ ਕਥਾ ਕਰਨਗੇ।

# ਸੁਸ਼ੀਲ ਰਿੰਕੂ ਦੇ ਯਤਨ ਰੰਗ ਲਿਆਏ, ਪੀ.ਏ.ਪੀ. ਰੈਂਪ ਦੇ ਨਿਰਮਾਣ ਲਈ ਟੈਂਡਰ ਜਾਰੀ

## ਪੀ.ਏ.ਪੀ. ਚੌਂਕ ਤੋਂ ਆਰ.ਓ.ਬੀ. ਤੱਕ ਹਾਈਵੇਅ 'ਤੇ ਰੈਂਪ ਨਿਰਮਾਣ ਲਈ 19 ਨੂੰ ਖੁੱਲ੍ਹੇਗਾ ਟੈਂਡਰ

ਜਲੰਧਰ, 28 ਅਕਤੂਬਰ (ਸ਼ਿਵ)-ਪੰਜਾਬ ਭਾਜਪਾ ਦੇ ਸੀਨੀਅਰ ਆਗੂ ਅਤੇ ਸਾਬਕਾ ਸੰਸਦ ਮੈਂਬਰ ਸੁਸ਼ੀਲ ਰਿੰਕੂ ਦੇ ਯਤਨ ਆਖ਼ਿਰ ਸਿਰੇ ਚੜ੍ਹ ਗਏ ਹਨ। ਉਨ੍ਹਾਂ ਦੇ ਲਗਾਤਾਰ ਯਤਨਾਂ ਤੋਂ ਬਾਅਦ ਨੈਸ਼ਨਲ ਹਾਈਵੇਅ ਅਥਾਰਿਟੀ ਆਫ਼ ਇੰਡੀਆ (ਐਨ.ਐੱਚ.ਏ.ਆਈ.) ਨੇ ਪੀ.ਏ.ਪੀ. ਚੌਂਕ ਤੋਂ ਆਰ.ਓ.ਬੀ. ਤੱਕ ਹਾਈਵੇਅ 'ਤੇ ਰੈਂਪ ਬਣਾਉਣ ਅਤੇ ਫਗਵਾੜਾ ਤੋਂ ਬਿਧੀਪੁਰ ਤੱਕ ਰਾਸ਼ਟਰੀ ਰਾਜ ਮਾਰਗ ਦੀ ਹਾਲਤ ਸੁਧਾਰਨ ਲਈ 93.67 ਕਰੋੜ ਦਾ ਟੈਂਡਰ ਜਾਰੀ ਕੀਤਾ ਹੈ। ਇਸ ਵਿਚੋਂ ਪੀ. ਏ. ਪੀ. ਚੌਂਕ ਦੇ ਨੇੜੇ ਰੈਂਪ 'ਤੇ ਲਗਭਗ 4.68 ਕਰੋੜ ਖ਼ਰਚ ਕੀਤੇ ਜਾਣਗੇ। ਇਸ ਰੈਂਪ ਨਾਲ ਲੋਕਾਂ ਨੂੰ ਪੀ. ਏ. ਪੀ. ਤੋਂ ਸਿੱਧੇ ਅੰਮ੍ਰਿਤਸਰ ਹਾਈਵੇਅ ਤੱਕ ਪਹੁੰਚਣਾ ਆਸਾਨ ਹੋ ਜਾਵੇਗਾ। ਸਾਬਕਾ ਸੰਸਦ ਮੈਂਬਰ ਸੁਸ਼ੀਲ ਰਿੰਕੂ ਨੇ ਦੱਸਿਆ ਕਿ ਉਨ੍ਹਾਂ ਨੇ ਪੀ.ਏ.ਪੀ. ਨੇੜੇ ਰੈਂਪ ਬਣਾਉਣ ਸਬੰਧੀ ਕੇਂਦਰੀ ਸੜਕ ਆਵਾਜਾਈ ਅਤੇ ਹਾਈਵੇ ਮੰਤਰੀ ਨਿਤਿਨ ਗਡਕਰੀ ਨਾਲ ਮੁਲਾਕਾਤ ਕੀਤੀ ਸੀ। ਸ੍ਰੀ ਗਡਕਰੀ ਨੇ ਫਿਰ ਐਨ. ਐੱਚ. ਏ. ਆਈ. ਦੇ ਅਧਿਕਾਰੀਆਂ ਨੂੰ ਇਸ ਮੁੱਦੇ ਨੂੰ ਜਲਦੀ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਇਸ ਕੰਮ ਲਈ ਫ਼ੰਡ ਜਾਰੀ ਹੋਣ ਤੋਂ ਬਾਅਦ ਇੱਕ ਟੈਂਡਰ ਕਾਲ ਜਾਰੀ ਕੀਤੀ ਗਈ। ਨੈਸ਼ਨਲ ਹਾਈਵੇਅ ਅਥਾਰਿਟੀ ਆਫ਼ ਇੰਡੀਆ ਨੇ 28 ਅਕਤੂਬਰ ਨੂੰ 93.67 ਕਰੋੜ (ਲਗਭਗ 93.67 ਬਿਲੀਅਨ) ਦਾ ਟੈਂਡਰ ਜਾਰੀ ਕੀਤਾ। ਸੁਸ਼ੀਲ ਰਿੰਕੂ ਨੇ ਦੱਸਿਆ ਕਿ ਨੈਸ਼ਨਲ ਹਾਈਵੇਅ ਦੁਆਰਾ ਜਾਰੀ ਕੀਤਾ ਗਿਆ ਇਹ ਟੈਂਡਰ 19 ਨਵੰਬਰ ਨੂੰ ਸਵੇਰੇ 11:30 ਵਜੇ ਖੁੱਲ੍ਹੇਗਾ। ਟੈਂਡਰ ਦੇ ਅਨੁਸਾਰ ਪੀ.ਏ.ਪੀ. ਰੈਂਪ 180 ਦਿਨਾਂ ਜਾਂ ਛੇ ਮਹੀਨਿਆਂ ਦੇ ਅੰਦਰ ਪੂਰਾ ਹੋ ਜਾਵੇਗਾ। ਐਨ.ਐੱਚ.ਏ.ਆਈ. 5.5 ਮੀਟਰ ਚੌੜਾ ਅਤੇ ਲਗਭਗ 300 ਮੀਟਰ ਲੰਬਾ ਰੈਂਪ ਬਣਾਏਗਾ। ਇਹ ਰੈਂਪ ਲੋਕਾਂ ਲਈ ਪੀ.ਏ.ਪੀ. ਤੋਂ ਸਿੱਧੇ ਅੰਮ੍ਰਿਤਸਰ ਹਾਈਵੇਅ ਤੱਕ ਪਹੁੰਚ ਕਰਨਾ ਆਸਾਨ ਬਣਾ ਦੇਵੇਗਾ। ਲੋਕਾਂ ਨੂੰ ਰਾਮਾ ਮੰਡੀ ਰਾਹੀਂ ਚੱਕਰ ਨਹੀਂ ਲਗਾਉਣਾ ਪਵੇਗਾ। ਪੀ. ਏ.ਪੀ. ਨੇ ਇਸ ਉਦੇਸ਼ ਲਈ ਪਹਿਲਾਂ ਹੀ ਆਪਣਾ ਸਹਿਮਤੀ ਪੱਤਰ ਜਮ੍ਹਾ ਕਰ ਦਿੱਤਾ ਹੈ। ਇਸ ਨਾਲ ਪੀ.ਏ.ਪੀ. ਦੀਆਂ ਕੰਧਾਂ ਨੂੰ ਪਿੱਛੇ ਹਟਣ ਅਤੇ ਹਾਈਵੇਅ ਨੂੰ ਚੌੜਾ ਕਰਨ ਦੀ ਆਗਿਆ ਮਿਲੇਗੀ।ਇਹ ਧਿਆਨ ਦੇਣ ਯੋਗ ਹੈ ਕਿ ਇਸ ਵੇਲੇ ਜਲੰਧਰ ਤੋਂ ਅੰਮ੍ਰਿਤਸਰ ਜਾਣ ਲਈ ਪੀ.ਏ.ਪੀ. ਦੀ ਵਰਤੋਂ ਕਰਨ ਦੀ ਬਜਾਏ ਲੋਕਾਂ ਨੂੰ ਰਾਮਾ ਮੰਡੀ ਜਾਣਾ ਪੈਂਦਾ ਹੈ ਅਤੇ ਫਿਰ ਉੱਥੋਂ ਰਾਸ਼ਟਰੀ ਰਾਜ ਮਾਰਗ ਲੈਣਾ ਪੈਂਦਾ ਹੈ। ਇਸ ਦੇ ਨਤੀਜੇ ਵਜੋਂ ਲੰਬੀ ਦੂਰੀ, ਤੇਲ ਦੀ ਬਰਬਾਦੀ ਅਤੇ ਸਮਾਂ ਬਰਬਾਦ ਹੁੰਦਾ ਹੈ। ਪੀ.ਏ.ਪੀ. ਦੇ ਨੇੜੇ ਇੱਕ ਰੈਂਪ ਦੇ ਨਿਰਮਾਣ ਨਾਲ ਕਾਫ਼ੀ ਰਾਹਤ ਮਿਲੇਗੀ।



ਸੁਸ਼ੀਲ ਰਿੰਕੂ



**ਫਗਵਾੜਾ ਤੋਂ ਬਿਧੀਪੁਰ ਤੱਕ ਰਾਸ਼ਟਰੀ ਰਾਜ ਮਾਰਗ ਦੀ ਹਾਲਤ ਸੁਧਾਰਨ ਲਈ ਰੱਖੇ 93.67 ਕਰੋੜ**

## ਜਨਮ ਦਿਨ ਮੁਬਾਰਕ



ਗੁਰਲੀਨ ਕੌਰ
ਪਿਤਾ : ਸੁਖਪ੍ਰੀਤ ਸਿੰਘ/ਮਾਤਾ : ਸੁਖਵਿੰਦਰ ਕੌਰ
ਵਾਸੀ : ਰਣਜੀਤ ਨਗਰ (ਜਲੰਧਰ)



ਗੁਰਨੂਰ ਸਿੰਘ
ਪਿਤਾ ਜਸਪ੍ਰੀਤ ਸਿੰਘ ਨੱਲ੍ਹ ਵਾਲੇ
ਮਾਤਾ ਸਿਮਰਜੀਤ ਕੌਰ
ਵਾਸੀ ਪਿੰਡ ਨੱਲ੍ਹ (ਜਲੰਧਰ)

## ਵਰ੍ਹੇਗੰਢ ਮਨਾਈ



ਸਾਹਬੀ ਦਾਸੀਕੇ ਤੇ ਸੁਖਵਿੰਦਰ ਕੌਰ ਵਾਸੀ ਸ਼ਾਹਕੋਟ ਨੇ ਆਪਣੇ ਵਿਆਹ ਦੀ 25ਵੀਂ ਵਰ੍ਹੇਗੰਢ (ਸਿਲਵਰ ਜੁਬਲੀ) ਮਨਾਈ।



ਮੀਟਿੰਗ ਦੌਰਾਨ ਮਹਾਂਮੰਡਲੇਸ਼ਵਰ ਬੰਸੀ ਦਾਸ, ਦਿਨੇਸ਼ ਸ਼ਰਮਾ, ਵਿਜੇ ਪਤੀ ਸੰਦਲ, ਪੰਡਿਤ ਅਜੈ ਵਸ਼ਿਸ਼ਠ ਆਦਿ ਹਾਜ਼ਰ ਸਨ। ਤਸਵੀਰ ਅਜੀਤ ਤਸਵੀਰ

## ਜਲੰਧਰ ਤੋਂ ਮਹਾਮੰਡਲੇਸ਼ਵਰ ਬੰਸੀ ਦਾਸ ਅਤੇ ਦਿਨੇਸ਼ ਸ਼ਰਮਾ ਨੂੰ ਬੇਅਦਬੀ ਵਿਰੁੱਧ ਕਾਨੂੰਨ ਦਾ ਸੁਝਾਅ ਦੇਣ ਲਈ ਵਿਧਾਨ ਸਭਾ ਵਿੱਚ ਸੱਦਾ

ਜਲੰਧਰ, 28 ਅਕਤੂਬਰ (ਸ਼ੈਲੀ)-ਪੰਜਾਬ ਸਰਕਾਰ ਵੱਲੋਂ ਅੱਜ ਪੰਜਾਬ ਵਿਧਾਨ ਸਭਾ ਵਿੱਚ ਪੰਜਾਬ ਵਿੱਚ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਵਿਰੁੱਧ ਕਾਨੂੰਨ ਦਾ ਪ੍ਰਸਤਾਵ ਰੱਖਣ ਲਈ ਇੱਕ ਮੀਟਿੰਗ ਕੀਤੀ ਗਈ। ਇਸ ਦੌਰਾਨ ਜਲੰਧਰ ਤੋਂ ਮਹਾਮੰਡਲੇਸ਼ਵਰ ਮਹੰਤ ਬੰਸੀ ਦਾਸ, ਲਕਸ਼ਮੀ ਨਾਰਾਇਣ ਮੰਦਰ, ਮਾਡਲ ਹਾਊਸ ਦੇ ਮੁਖੀ ਦਿਨੇਸ਼ ਸ਼ਰਮਾ ਦੇ ਨਾਲ 108 ਪੰਡਿਤ ਵਿਜੇ ਪਤੀ ਸੰਦਲ, ਪੰਡਿਤ ਅਜੈ ਵਸ਼ਿਸ਼ਠ ਅਤੇ ਪੰਜਾਬ ਦੇ ਹੋਰ ਸੰਤ ਮੌਜੂਦ ਸਨ। ਮੀਟਿੰਗ ਵਿੱਚ, ਮਹਾਮੰਡਲੇਸ਼ਵਰ ਮਹੰਤ ਬੰਸੀ ਦਾਸ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ਵਿੱਚ ਪਵਿੱਤਰ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਕਈ ਘਟਨਾਵਾਂ ਵਾਪਰੀਆਂ ਹਨ ਅਤੇ ਇਹ ਬਹੁਤ ਨਿੰਦਣਯੋਗ ਹਨ। ਇਸ ਲਈ, ਇੱਕ ਅਜਿਹਾ ਕਾਨੂੰਨ ਬਣਾਇਆ ਜਾਣਾ ਚਾਹੀਦਾ ਹੈ ਜਿਸ ਵਿੱਚ ਉਮਰ ਕੈਦ ਅਤੇ ਭਾਰੀ ਜੁਰਮਾਨੇ ਦੀ ਸ਼ਾਮਿਲ ਹੋਵੇ ਵਿਵਸਥਾ ਹੋਵੇ। ਉਨ੍ਹਾਂ ਕਿਹਾ ਕਿ ਇਸ ਕਾਨੂੰਨ ਵਿੱਚ ਸਾਰੇ ਧਰਮਾਂ ਦੇ ਗ੍ਰੰਥਾਂ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਇਸ ਵਿੱਚ ਸ਼੍ਰੀ ਰਾਮਾਇਣ, ਗਊ ਹੱਤਿਆ, ਗਊ ਮਾਸ ਵੇਚਣਾ ਅਤੇ ਸਾਰੇ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਦੀ ਬੇਅਦਬੀ ਵੀ ਸ਼ਾਮਲ ਹੋਣੀ ਚਾਹੀਦੀ ਹੈ। ਵਿਧਾਨ ਸਭਾ ਦੀ ਮੀਟਿੰਗ ਵਿੱਚ ਸ਼ਾਮਲ ਹੋਏ ਸਾਰੇ ਸੱਦੇ ਗਏ ਪਤਵੰਤਿਆਂ ਨੇ ਇਸ ਦਾ ਪੁਰਜ਼ੋਰ ਸਮਰਥਨ ਕੀਤਾ। ਇਸ ਮੌਕੇ ਸਰਕਾਰ ਦੀ ਕਾਨੂੰਨੀ ਸਲਾਹਕਾਰ ਟੀਮ ਵਿੱਚ ਲੁਧਿਆਣਾ, ਰਾਜਪੁਰਾ, ਹੁਸ਼ਿਆਰਪੁਰ ਦੇ ਵਿਧਾਇਕਾਂ ਤੋਂ ਇਲਾਵਾ ਵਿਧਾਨ ਸਭਾ ਸਕੱਤਰ, ਸੁਖਵਿੰਦਰ ਕਾਲੀਆ ਬਿੱਟੂ, ਜਗਦੀਸ਼ ਪ੍ਰਸਾਦ ਜ਼ੀਰਕਪੁਰ, ਅਰਵਿੰਦ ਪਰਾਸ਼ਰ ਹੁਸ਼ਿਆਰਪੁਰ, ਅਰਵਿੰਦ ਸੂਦ ਹੁਸ਼ਿਆਰਪੁਰ, ਅਨੁਰਾਗ ਸੂਦ ਹੁਸ਼ਿਆਰਪੁਰ ਵੀ ਹਾਜ਼ਰ ਸਨ।

## ਵਿਸ਼ੇਸ਼ ਰਜਿਸਟ੍ਰੇਸ਼ਨ ਕੈਂਪ ਅੱਜ ਤੇ ਕੱਲ੍ਹ

ਜਲੰਧਰ, 28 ਅਕਤੂਬਰ (ਸ਼ਿਵ)-ਸਹਾਇਕ ਕਮਿਸ਼ਨਰ ਰਾਜ ਕਰ, ਜਲੰਧਰ-1 ਡਾ. ਅਨੁਰਾਗ ਭਾਰਤੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਟੇਟ ਡਿਵੈਲਪਮੈਂਟ ਟੈਕਸ ਐਕਟ, 2018 (ਜਿਸ ਨੂੰ ਪੀ.ਐਸ.ਡੀ.ਟੀ. ਜਾਂ ਪ੍ਰੋਫੈਸ਼ਨਲ ਟੈਕਸ ਵੀ ਕਿਹਾ ਜਾਂਦਾ ਹੈ, ਅਧੀਨ ਉਨ੍ਹਾਂ ਸਭ ਵਿਅਕਤੀਆਂ ਵੱਲੋਂ ਰਜਿਸਟ੍ਰੇਸ਼ਨ ਕਰਵਾਉਣੀ ਅਤੇ ਬਣਦਾ ਟੈਕਸ (ਕੇਵਲ 200 ਰੁਪਏ ਪ੍ਰਤੀ ਮਹੀਨਾ) ਜਮ੍ਹਾ ਕਰਵਾਉਣਾ ਜ਼ਰੂਰੀ ਹੈ, ਜਿਨ੍ਹਾਂ ਦੀ ਸਲਾਨਾ ਆਮਦਨ 4,00,000 ਜਾਂ 2,50,000 ਰੁਪਏ ਸਾਲਾਨਾ ਹੈ। ਉਨ੍ਹਾਂ ਦੱਸਿਆ ਕਿ ਯੋਗ ਵਿਅਕਤੀਆਂ ਨੂੰ ਰਜਿਸਟਰ ਕਰਵਾਉਣ ਲਈ 29 ਅਤੇ 30 ਅਕਤੂਬਰ 2025 ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਵੱਖ-ਵੱਖ ਥਾਈਂ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਹ ਕੈਂਪ ਇੰਡਸਟਰੀਅਲ ਏਰੀਆ ਜਲੰਧਰ ਸਥਿਤ ਹਿੰਦ ਇੰਟਰਪ੍ਰਾਈਜ਼ਜ਼ ਬੈਕ ਸਾਈਡ ਲੀਡਰ ਵਾਲਵ, ਹੋਟਲ ਪਾਇਲ (ਫਗਵਾੜਾ ਗੇਟ), ਯੂਨੀਅਨ ਕੰਪਲੈਕਸ (ਦਿਲਕੁਸ਼ਾ ਮਾਰਕੀਟ ਜਲੰਧਰ), ਭੋਗਪੁਰ ਵਿਖੇ ਜੰਞ ਘਰ 'ਚ ਲਗਾਏ ਜਾਣਗੇ। ਇਸ ਤੋਂ ਇਲਾਵਾ ਆਦਮਪੁਰ ਅਤੇ ਰਾਮਾ ਮੰਡੀ ਵਿਖੇ ਵੀ ਵਿਸ਼ੇਸ਼ ਰਜਿਸਟ੍ਰੇਸ਼ਨ ਕੈਂਪ ਲਗਾਏ ਜਾ ਰਹੇ ਹਨ॥ ਵਧੇਰੇ ਜਾਣਕਾਰੀ ਅਤੇ ਸਹਾਇਤਾ ਲਈ ਨੋਡਲ ਅਫ਼ਸਰ ਕਰ ਰਾਜ ਕਰ ਅਫ਼ਸਰ ਜਗਮਾਲ ਸਿੰਘ ਹੁੰਦਲ ਨਾਲ ਮੋਬਾਈਲ ਨੰਬਰ 98146-50940 'ਤੇ ਸੰਪਰਕ ਕੀਤਾ ਜਾ ਸਕਦਾ ਹੈ।



'ਵਿਸ਼ਵ ਸਟ੍ਰੋਕ ਦਿਵਸ' ਦੇ ਮੌਕੇ ਫੋਰਟਿਸ ਹਸਪਤਾਲ ਜਲੰਧਰ ਵਿਖੇ ਕਰਵਾਏ ਜਾਗਰੂਕਤਾ ਸੈਮੀਨਾਰ ਦੌਰਾਨ ਜਾਣਕਾਰੀ ਦਿੰਦੇ ਹੋਏ ਡਾ. ਅਨਮੋਲ ਸਿੰਘ ਰਾਏ, ਡਾ. ਤ੍ਰਿਮਾਨ ਸਿੰਘ, ਡਾ. ਸੰਦੀਪ ਕੁਮਾਰ ਕੁੰਡਲ, ਡਾ. ਤੁਸ਼ਾਰ ਅਰੋੜਾ, ਡਾ. ਮਨਦੀਪ ਸਿੰਘ ਅਤੇ ਡਾ. ਅੰਕੁਸ਼ ਮਹਿਤਾ। ਤਸਵੀਰ : ਮੁਨੀਸ਼

## 'ਵਿਸ਼ਵ ਸਟ੍ਰੋਕ ਦਿਵਸ' ਮੌਕੇ ਫੋਰਟਿਸ ਜਲੰਧਰ ਵਿਖੇ ਕਰਵਾਇਆ ਅਧਰੰਗ ਸੰਬੰਧੀ ਜਾਗਰੂਕਤਾ ਸੈਮੀਨਾਰ

ਜਲੰਧਰ, 28 ਅਕਤੂਬਰ (ਐੱਮ. ਐੱਸ. ਲੋਹੀਆ)-'ਵਿਸ਼ਵ ਸਟ੍ਰੋਕ ਦਿਵਸ' ਦੇ ਮੌਕੇ ਫੋਰਟਿਸ ਹਸਪਤਾਲ ਜਲੰਧਰ ਦੇ ਨਿਊਰੋ ਇੰਟਰਵੈਂਸ਼ਨ ਸਟ੍ਰੋਕ ਰੈਡੀ ਸੈਂਟਰ ਵਲੋਂ ਵਿਸ਼ੇਸ਼ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਦੌਰਾਨ ਫੋਰਟਿਸ ਹਸਪਤਾਲ ਦੇ ਮਾਹਿਰਾਂ ਵਲੋਂ ਅਧਰੰਗ ਦਾ ਦੌਰਾ ਪੈਣ 'ਤੇ ਬਿਮਾਰੀ ਦੇ ਮਾੜੇ ਪ੍ਰਭਾਵਾਂ ਤੋਂ ਮਰੀਜ਼ ਨੂੰ ਬਚਾਉਣ ਲਈ ਤੁਰੰਤ ਡਾਕਟਰੀ ਇਲਾਜ ਸ਼ੁਰੂ ਕਰਨ ਦੀ ਸਲਾਹ ਦਿੱਤੀ। ਇਸ ਮੌਕੇ ਡਾ. ਤ੍ਰਿਮਾਨ ਸਿੰਘ (ਇੰਟਰਵੈਂਸ਼ਨਲ ਨਿਊਰੋਲੋਜਿਸਟ), ਡਾ. ਸੰਦੀਪ ਕੁਮਾਰ ਕੁੰਡਲ ਅਤੇ ਡਾ. ਤੁਸ਼ਾਰ ਅਰੋੜਾ (ਕੰਸਲਟੈਂਟ ਨਿਊਰੋਸਰਜਰੀ), ਡਾ. ਅਨਮੋਲ ਸਿੰਘ ਰਾਏ (ਕੰਸਲਟੈਂਟ ਨਿਊਰੋਲੋਜਿਸਟ), ਡਾ. ਅੰਕੁਸ਼ ਮਹਿਤਾ (ਫੈਸਿਲਿਟੀ ਡਾਇਰੈਕਟਰ) ਅਤੇ ਡਾ. ਮਨਦੀਪ ਸਿੰਘ ਨੇ ਜਾਣਕਾਰੀ ਦਿੱਤੀ ਕਿ ਅਧਰੰਗ ਦੇ ਸ਼ੁਰੂਆਤੀ ਲੱਛਣਾਂ ਨੂੰ ਪਛਾਣਨ ਤੋਂ ਤੁਰੰਤ ਬਾਅਦ ਮਰੀਜ਼ ਨੂੰ ਅਜਿਹੇ ਹਸਪਤਾਲ 'ਚ ਲੈ ਜਾਣਾ ਚਾਹੀਦਾ ਹੈ, ਜਿੱਥੇ ਉਸ ਨੂੰ ਅਧਰੰਗ ਦਾ ਦੌਰਾ ਪੈਣ ਤੋਂ ਬਾਅਦ ਹੋਣ ਵਾਲੇ ਉਸ ਦੇ ਮਾੜੇ ਪ੍ਰਭਾਵਾਂ ਤੋਂ ਬਚਾਉਣ ਲਈ, ਯੋਗ ਡਾਕਟਰਾਂ ਦੀ ਟੀਮ ਮੌਜੂਦ ਹੋਵੇ। ਉਨ੍ਹਾਂ ਕਿਹਾ ਕਿ ਅਧਰੰਗ ਦਾ ਦੌਰਾ ਪੈਣ 'ਤੇ ਜਿਨਾਂ ਜਲਦੀ ਹੋ ਸਕੇ ਮਰੀਜ਼ ਨੂੰ ਡਾਕਟਰੀ ਸਹਾਇਤਾ ਮਿਲਣੀ ਚਾਹੀਦੀ ਹੈ, ਕਿਉਂਕਿ ਅਧਰੰਗ ਦਾ ਦੌਰਾ ਪੈਣ ਤੋਂ ਬਾਅਦ ਦਿਮਾਗ ਦੇ ਸੈੱਲ ਲਗਾਤਾਰ ਨਸ਼ਟ ਹੋਣੇ ਸ਼ੁਰੂ ਹੋ ਜਾਂਦੇ ਹਨ, ਜਿਸ ਕਰਕੇ ਮਰੀਜ਼ ਹਮੇਸ਼ਾਂ ਲਈ ਅਪਾਹਜ ਹੋ ਸਕਦਾ ਹੈ, ਜਾਂ ਉਸ ਦੀ ਜਾਨ ਨੂੰ ਵੀ ਖ਼ਤਰਾ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਫੋਰਟਿਸ ਹਸਪਤਾਲ ਜਲੰਧਰ ਵਲੋਂ ਇਕ ਐਂਬੂਲੈਂਸ ਦੀ ਸੇਵਾ ਸ਼ੁਰੂ ਕੀਤੀ ਗਈ ਹੈ, ਜੋ ਹਸਪਤਾਲ ਦੇ 30 ਕਿਲੋਮੀਟਰ ਦੇ ਘੇਰੇ ਤੱਕ ਅਧਰੰਗ ਦੇ ਮਰੀਜ਼ਾਂ ਨੂੰ ਲਿਆਉਣ ਦੀ ਮੁਫ਼ਤ ਸੇਵਾ ਕਰਦੀ ਹੈ। ਉਨ੍ਹਾਂ ਕਿਹਾ ਕਿ ਐਂਬੂਲੈਂਸ ਆਧੁਨਿਕ ਸਾਜੋ ਸਾਮਾਨ ਨਾਲ ਲੈਸ ਹੈ ਅਤੇ ਉਸ 'ਚ ਪੈਰਾਮੈਡੀਕਸ ਦੀ ਅਜਿਹੀ ਟੀਮ ਮੌਜੂਦ ਹੁੰਦੀ ਹੈ, ਜੋ ਮਰੀਜ਼ ਦੀ ਹਾਲਤ ਨੂੰ ਦੇਖਦੇ ਹੀ ਉਸ ਦੀ ਸੰਭਾਲ ਕਰਨ ਅਤੇ ਬਿਮਾਰੀ ਦਾ ਮੁਲਾਂਕਣ ਕਰਨ ਦੇ ਸਮਰੱਥ ਹੈ। ਉਨ੍ਹਾਂ ਕਿਹਾ ਕਿ ਫੋਰਟਿਸ ਹਸਪਤਾਲ ਜਲੰਧਰ ਅਧਰੰਗ ਦੇ ਮਰੀਜ਼ਾਂ ਨੂੰ ਵਿਸ਼ਵ ਪੱਧਰੀ ਇਲਾਜ ਮੁਹੱਈਆ ਕਰਵਾਉਣ ਦੇ ਸਮਰੱਥ ਹੈ।

**ਫੋਰਟਿਸ ਦੇ ਮਾਹਿਰਾਂ ਨੇ ਅਧਰੰਗ ਦਾ ਦੌਰਾ ਪੈਣ 'ਤੇ ਮਾੜੇ ਪ੍ਰਭਾਵਾਂ ਤੋਂ ਬਚਣ ਲਈ ਤੁਰੰਤ ਡਾਕਟਰੀ ਇਲਾਜ ਸ਼ੁਰੂ ਕਰਨ ਦੀ ਦਿੱਤੀ ਸਲਾਹ**

## 350 ਸਾਲਾ ਸ਼ਹੀਦੀ ਸ਼ਤਾਬਦੀ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਛੇਵੀਂ ਪਾਤਿਸ਼ਾਹੀ ਵਿਖੇ ਸਮਾਗਮ ਭਲਕੇ

ਜਲੰਧਰ, 28 ਅਕਤੂਬਰ (ਹਰਵਿੰਦਰ ਸਿੰਘ ਫੁੱਲ)-ਇਤਿਹਾਸਕ ਅਸਥਾਨ ਗੁਰਦੁਆਰਾ ਛੇਵੀਂ ਪਾਤਸ਼ਾਹੀ ਬਸਤੀ ਸ਼ੇਖ਼ ਜਲੰਧਰ ਵਿਖੇ ਧੰਨ ਧੰਨ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਦੀਵਾਨਾ ਦੀ ਲੜੀ ਦੇ ਤਹਿਤ 30 ਅਕਤੂਬਰ ਨੂੰ ਅੰਮ੍ਰਿਤ ਵੇਲੇ ਵਿਸ਼ੇਸ਼ ਗੁਰਮਤਿ ਸਮਾਗਮ ਅਤੇ ਨਾਮ ਸਿਮਰਨ ਅਭਿਆਸ ਸਮਾਗਮ ਦੇ ਦੀਵਾਨ ਸਜਾਏ ਜਾ ਰਹੇ ਹਨ। ਇਹ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਗੁਰਕਿਰਪਾਲ ਸਿੰਘ ਨੇ ਦੱਸਿਆ ਕਿ ਸਵੇਰੇ 6 ਵਜੇ ਤੋਂ 7.30 ਵਜੇ ਤੱਕ ਹੋਣ ਵਾਲੇ ਸਮਾਗਮ ਵਿਚ ਭਾਈ ਮਨਪ੍ਰੀਤ ਸਿੰਘ ਦਾ ਜਥਾ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰੇਗਾ।



ਜੀ.ਐੱਨ.ਡੀ.ਯੂ. ਦੇ ਸੀ ਜ਼ੋਨ ਯੂਥ ਫੈਸਟੀਵਲ 'ਚ ਦੂਸਰਾ ਰਨਰਜ਼ ਅੱਪ ਸਥਾਨ ਹਾਸਿਲ ਕਰਨ ਵਾਲੀ ਲਾਇਲਪੁਰ ਖ਼ਾਲਸਾ ਕਾਲਜ ਦੀ ਟੀਮ ਦੇ ਨਾਲ ਪ੍ਰਿੰਸੀਪਲ ਡਾ. ਸਰਬਜੀਤ ਕੌਰ ਰਾਏ ਤੇ ਹੋਰ। ਅਜੀਤ ਤਸਵੀਰ

## ਲਾਇਲਪੁਰ ਖ਼ਾਲਸਾ ਕਾਲਜ ਨੇ ਯੂਥ ਫੈਸਟੀਵਲ 'ਚ ਹਾਸਿਲ ਕੀਤਾ ਦੂਸਰਾ ਰਨਰਜ਼ ਅੱਪ ਸਥਾਨ

ਜਲੰਧਰ, 28 ਅਕਤੂਬਰ (ਜਸਪਾਲ ਸਿੰਘ)-ਲਾਇਲਪੁਰ ਖ਼ਾਲਸਾ ਕਾਲਜ ਫਾਰ ਵੂਮੈਨ ਨੇ ਹਾਲ ਹੀ ਵਿੱਚ ਜੀਐਨਡੀਯੂ, ਅੰਮ੍ਰਿਤਸਰ ਵਿਖੇ 25-27 ਅਕਤੂਬਰ ਨੂੰ ਹੋਏ ਸੀ-ਜ਼ੋਨ ਯੁਵਕ ਮੇਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਬੀ-ਡਿਵੀਜ਼ਨ ਵਿੱਚ ਦੂਜਾ ਰਨਰ-ਅੱਪ ਸਥਾਨ ਹਾਸਲ ਕੀਤਾ। ਕਾਲਜ ਨੇ ਫੁਲਕਾਰੀ, ਕਾਸਟਿਊਮ ਪਰੇਡ, ਕੁਇਜ਼, ਰੰਗੋਲੀ, ਭਾਸ਼ਣ, ਕਾਵਿ ਸਿੰਪੋਜ਼ੀਅਮ, ਮੌਕੇ 'ਤੇ ਪੇਂਟਿੰਗ, ਕਾਰਟੂਨਿੰਗ, ਕੋਲਾਜ ਮੇਕਿੰਗ, ਕਲੇ ਮਾਡਲਿੰਗ ਅਤੇ ਪੋਸਟਰ ਮੇਕਿੰਗ ਵਰਗੇ ਸਮਾਗਮਾਂ ਵਿੱਚ ਹਿੱਸਾ ਲਿਆ। ਕਾਲਜ ਨੇ ਫੁਲਕਾਰੀ-ਮੀਨੂ, ਕੋਲਾਜ ਮੇਕਿੰਗ-ਹਰਮਨਜੀਤ ਕੌਰ, ਕਾਸਟਿਊਮ ਪਰੇਡ-ਮਨੀਸ਼ਾ ਅਤੇ ਕਾਵਿ ਸਿੰਪੋਜ਼ੀਅਮ-ਜੰਨਤ ਨੇ ਪਹਿਲਾ ਸਥਾਨ ਹਾਸਿਲ ਕੀਤਾ ਜਦਕਿ ਮੌਕੇ 'ਤੇ ਪੋਸਟਰ ਮੇਕਿੰਗ-ਨੰਦਿਨੀ ਨੇ ਦੂਜਾ ਅਤੇ ਰੰਗੋਲੀ 'ਚ ਖੁਸ਼ੀ, ਕਾਰਟੂਨਿੰਗ 'ਚ ਪ੍ਰਦੀਪ, ਕਲੇ ਮਾਡਲਿੰਗ 'ਚ ਸੰਜਨਾ ਨੇ ਤੀਸਰਾ ਸਥਾਨ ਹਾਸਿਲ ਕੀਤਾ। ਕਾਲਜ ਦੇ ਗਵਰਨਿੰਗ ਕੌਂਸਲ ਦੀ ਪ੍ਰਧਾਨ ਸਰਦਾਰਨੀ ਬਲਬੀਰ ਕੌਰ ਨੇ ਪ੍ਰਿੰਸੀਪਲ ਮੈਡਮ ਡਾ. ਸਰਬਜੀਤ ਕੌਰ ਰਾਏ ਨੂੰ ਯੁਵਕ ਮੇਲੇ ਵਿੱਚ ਕਾਲਜ ਨੂੰ ਸਫ਼ਲਤਾ ਵੱਲ ਲੈ ਜਾਣ ਲਈ ਵਧਾਈ ਦਿੱਤੀ। ਪ੍ਰਿੰਸੀਪਲ ਮੈਡਮ ਡਾ. ਸਰਬਜੀਤ ਕੌਰ ਰਾਏ ਨੇ ਕਾਲਜ ਦੇ ਯੁਵਕ ਭਲਾਈ ਵਿਭਾਗ ਦੀ ਡੀਨ ਡਾ. ਰੁਪਾਲੀ ਰਾਜ਼ਦਾਨ ਦੇ ਸਮਰਪਣ ਅਤੇ ਸਖ਼ਤ ਮਿਹਨਤ ਦੀ ਸ਼ਲਾਘਾ ਕੀਤੀ ਅਤੇ ਸਾਰੇ ਜੇਤੂਆਂ ਅਤੇ ਇੰਚਾਰਜ ਅਧਿਆਪਕ: ਡਾ. ਅੰਸ਼ੂ, ਹਰਮੋਹਿਨੀ, ਜਸਲੀਨ ਜੌਹਲ, ਡਾ. ਸਰਬਜੀਤ ਕੌਰ, ਮਨਜੀਤ ਕੌਰ, ਮੈਡਮ ਆਤਮਾ ਸਿੰਘ, ਰਾਜਵੰਤ ਕੌਰ, ਜੋਤੀ, ਸੁਖਬੀਰ ਕੌਰ, ਨੇਹਾ, ਆਰੂਸ਼ੀ, ਪ੍ਰਭਜੋਤ ਕੌਰ, ਤ੍ਰਿਸ਼ਨਾ, ਸਿਮਰਦੀਪ ਕੌਰ, ਪਲਕਪ੍ਰੀਤ, ਗੁਰਦੀਪ ਕੌਰ ਨੂੰ ਵਧਾਈ ਦਿੱਤੀ।





ਅੰਤਰ ਜ਼ਿਲ੍ਹਾ ਫੁੱਟਬਾਲ ਟੂਰਨਾਮੈਂਟ ਦਾ ਉਦਘਾਟਨ ਕਰਦੇ ਹੋਏ ਮੁੱਖ ਮਹਿਮਾਨ ਡਾ. ਗੁਰਿੰਦਰਜੀਤ ਕੌਰ ਨਾਲ ਸਟੇਟ ਐਵਾਰਡੀ ਪ੍ਰਿੰਸੀਪਲ ਹਰਮੇਸ਼ ਲਾਲ ਘੇੜਾ, ਸੁਰਿੰਦਰ ਕੁਮਾਰ, ਬਲਜੀਤ ਸਿੰਘ ਢਿੱਲੋਂ ਤੇ ਅਮਨਦੀਪ ਕੌਂਡਲ ਤੇ ਹੋਰ।

## 69ਵੀਆਂ ਪੰਜਾਬ ਸਕੂਲ ਖੇਡਾਂ ਦੇ ਅੰਤਰ ਜ਼ਿਲ੍ਹਾ ਫੁੱਟਬਾਲ ਮੁਕਾਬਲੇ ਜਲੰਧਰ ਵਿਖੇ ਸ਼ਾਨੋ ਸ਼ੌਕਤ ਨਾਲ ਸ਼ੁਰੂ

ਜਲੰਧਰ, 28 ਅਕਤੂਬਰ (ਡਾ.ਜਤਿੰਦਰ ਸਾਬੀ)-69ਵੀਆਂ ਅੰਤਰ-ਜ਼ਿਲ੍ਹਾ ਸਕੂਲ ਖੇਡਾਂ ਦੇ ਅੰਡਰ-14 (ਲੜਕੇ) ਦੇ ਫੁੱਟਬਾਲ ਟੂਰਨਾਮੈਂਟ ਦੀ ਸ਼ੁਰੂਆਤ ਜਲੰਧਰ ਵਿਖੇ ਹੋਈ। ਮੁੱਖ ਮਹਿਮਾਨ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਡਾ. ਗੁਰਿੰਦਰਜੀਤ ਕੌਰ ਵੱਲੋਂ ਰਸਮੀ ਤੌਰ 'ਤੇ ਗੁਬਾਰੇ ਛੱਡ ਕੇ ਟੂਰਨਾਮੈਂਟ ਦੀ ਸ਼ੁਰੂਆਤ ਕੀਤੀ ਗਈ। ਇਸ ਤੋਂ ਪਹਿਲਾਂ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਅਮਨਦੀਪ ਕੌਂਡਲ,ਜ਼ਿਲ੍ਹਾ ਟੂਰਨਾਮੈਂਟ ਕਮੇਟੀ ਦੇ ਮੀਤ ਪ੍ਰਧਾਨ ਪ੍ਰਿੰਸੀਪਲ ਹਰਮੇਸ਼ ਲਾਲ ਘੇੜਾ, ਜਨਰਲ ਸਕੱਤਰ ਬਲਜੀਤ ਸਿੰਘ ਢਿੱਲੋਂ, ਸਹਾਇਕ ਸਕੱਤਰ ਲੈਕਚਰਾਰ ਸੁਰਿੰਦਰ ਕੁਮਾਰ, ਪ੍ਰਿੰਸੀਪਲ ਸੁਖਦੇਵ ਲਾਲ ਬੱਬਰ ਅਤੇ ਪ੍ਰਿੰਸੀਪਲ ਹਰਮਿੰਦਰ ਸਿੰਘ ਅਟਵਾਲ ਵੱਲੋਂ ਮੁੱਖ ਮਹਿਮਾਨ ਦਾ ਸਵਾਗਤ ਕੀਤਾ ਗਿਆ। ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਅਮਨਦੀਪ ਕੌਂਡਲ ਵੱਲੋਂ ਟੂਰਨਾਮੈਂਟ ਦੇ ਸਮੂਹ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਲੈਕਚਰਾਰ ਸੁਰਿੰਦਰ ਕੁਮਾਰ ਵੱਲੋਂ ਜਾਣਕਾਰੀ ਸਾਂਝਾ ਕੀਤੀ ਗਈ ਕਿ ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਜਾਰੀ ਹਦਾਇਤਾਂ ਮੁਤਾਬਕ ਸੂਬੇ ਦੇ 23 ਜ਼ਿਲ੍ਹਿਆਂ ਅਤੇ ਵਿੰਗ ਦੀਆਂ ਟੀਮਾਂ ਦੇ ਸਮੂਹ ਖਿਡਾਰੀਆਂ, ਕੋਚ ਸਾਹਿਬਾਨਾਂ ਅਤੇ ਰੈਫ਼ਰੀ ਸਾਹਿਬਾਨਾਂ ਦੀ ਰਿਹਾਇਸ਼ ਅਤੇ ਖਾਣ-ਪੀਣ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਬਲਜੀਤ ਸਿੰਘ ਢਿੱਲੋਂ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਟੂਰਨਾਮੈਂਟ ਤੇ ਮੁਕਾਬਲੇ ਦੁਆਬਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਲਾਡੋਵਾਲੀ ਰੋਡ ਅਤੇ ਕਿੱਕਰ ਫੁੱਟਬਾਲ ਅਕੈਡਮੀ ਗੜ੍ਹਾ ਰੋਡ ਦੇ ਮੈਦਾਨਾਂ ਵਿੱਚ ਖੇਡੇ ਜਾਣਗੇ ਤੇ ਟੂਰਨਾਮੈਂਟ ਦੇ ਸ਼ੁਰੂਆਤੀ ਮੈਚ ਵਿੱਚ ਮੇਜ਼ਬਾਨ ਜਲੰਧਰ ਨੇ ਰੂਪਨਗਰ ਨੂੰ 1-0 ਨਾਲ ਹਰਾਇਆ। ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਬਠਿੰਡਾ ਨੂੰ 1-0 ਅਤੇ ਮੋਗਾ ਵੱਲੋਂ ਮਾਨਸਾ ਨੂੰ 1-0 ਨਾਲ ਸ਼ਿਕਸਤ ਦਿੱਤੀ ਗਈ। ਇਸੇ ਤਰ੍ਹਾਂ ਸ਼ਹੀਦ ਭਗਤ ਸਿੰਘ ਨਗਰ ਨੇ ਹੁਸ਼ਿਆਰਪੁਰ ਨੂੰ 1-0, ਮਲੇਰਕੋਟਲਾ ਨੇ ਕਪੂਰਥਲਾ ਨੂੰ 3-1 ਅਤੇ ਸੰਗਰੂਰ ਨੇ ਫਿਰੋਜ਼ਪੁਰ ਨੂੰ 3-1 ਨਾਲ ਹਰਾਇਆ। ਹੈਡਮਾਸਟਰ ਮਨੀਸ਼ ਚੋਪੜਾ, ਹੈੱਡਮਾਸਟਰ ਪਰਮਜੀਤ ਸਿੰਘ, ਨਰੇਸ਼ ਕੁਮਾਰ ਅਤੇ ਸੁਲਿੰਦਰ ਸਿੰਘ ਹਾਜ਼ਰ ਸਨ।

**ਮੇਜ਼ਬਾਨ ਜਲੰਧਰ ਨੇ ਰੂਪਨਗਰ ਨੂੰ 1-0 ਨਾਲ ਹਰਾ ਕੇ ਕੀਤੀ ਜੇਤੂ ਸ਼ੁਰੂਆਤ**



ਫੁੱਟਬਾਲ ਮੁਕਾਬਲੇ 'ਚ ਹਿੱਸਾ ਲੈ ਰਹੇ ਵੱਖ-ਵੱਖ ਟੀਮਾਂ ਦੇ ਖਿਡਾਰੀ। ਤਸਵੀਰਾਂ:-ਮੁਨੀਸ਼

-ਮਾਮਲਾ ਸੜਕ ਹਾਦਸੇ 'ਚ ਰਿਚੀ ਕੇ.ਪੀ. ਦੀ ਮੌਤ ਦਾ-

## ਕਰੇਟਾ ਚਾਲਕ ਪ੍ਰਿੰਸ ਨੇ ਕੀਤਾ ਆਤਮ ਸਮਰਪਣ, ਪੁਲਿਸ ਨੇ ਲਿਆ ਦੋ ਦਿਨ ਦਾ ਰਿਮਾਂਡ

ਜਲੰਧਰ, 28 ਅਕਤੂਬਰ (ਚੰਦੀਪ ਭੱਲਾ)-ਬੀਤੇ ਮਹੀਨੇ ਸਥਾਨਕ ਮਾਡਲ ਟਾਊਨ ਵਿਖੇ ਹੋਏ ਸੜਕ ਹਾਦਸੇ ਦੇ ਮਾਮਲੇ ਚ ਸਾਬਕਾ ਸਾਂਸਦ ਮਹਿੰਦਰ ਸਿੰਘ ਕੇ.ਪੀ ਦੇ ਲੜਕੇ ਰਿਚੀ ਕੇ ਪੀ ਦੀ ਮੌਤ ਦੇ ਮਾਮਲੇ 'ਚ ਨਾਮਜ਼ਦ ਕੀਤੇ ਗਏ ਕਰੇਟਾ ਕਾਰ ਦੇ ਚਾਲਕ ਕਪੜਾ ਵਪਾਰੀ ਗੁਰਸ਼ਰਨ ਸਿੰਘ ਪ੍ਰਿੰਸ ਨੇ ਅੱਜ ਅਦਾਲਤ ਚ ਸਰੰਡਰ ਕਰ ਦਿੱਤਾ ਜਿਸ ਤੋਂ ਬਾਅਦ ਥਾਣਾ 6 ਦੀ ਪੁਲਿਸ ਨੇ ਉਸ ਗ੍ਰਿਫ਼ਤਾਰ ਕਰਕੇ ਉਸ ਦਾ ਦੋ ਦਿਨ ਦਾ ਰਿਮਾਂਡ ਹਾਸਲ ਕਰ ਲਿਆ। ਜਿਕਰਯੋਗ ਹੈ ਕਿ ਉਕਤ ਕਰੇਟਾ ਚਾਲਕ ਪਿਛਲੇ ਮਹੀਨੇ 13 ਸਤੰਬਰ ਦੀ ਰਾਤ ਜਿਸ ਦਿਨ ਇਹ ਹਾਦਸਾ ਹੋਇਆ ਸੀ ਤੋਂ ਬਾਅਦ ਦਾ ਹੀ ਫਰਾਰ ਹੈ। ਪ੍ਰਿੰਸ ਵਲੋਂ ਪਹਿਲਾਂ ਜਲੰਧਰ ਦੀ ਅਦਾਲਤ ਚ ਪੇਸ਼ਗੀ ਜ਼ਮਾਨਤ ਦੀ ਅਰਜ਼ੀ ਲਗਾਈ ਗਈ ਸੀ, ਜਿਸ ਨੂੰ ਅਦਾਲਤ ਵਲੋਂ ਰੱਦ ਕਰ ਦਿੱਤਾ ਗਿਆ ਸੀ। ਉਸ ਤੋਂ ਬਾਅਦ ਪ੍ਰਿੰਸ ਵਲੋਂ ਹਾਈਕੋਰਟ 'ਚ ਵੀ ਪੇਸ਼ਗੀ ਜ਼ਮਾਨਤ ਦੀ ਅਰਜ਼ੀ ਲਗਾਈ ਗਈ ਤੇ ਹਾਈਕੋਰਟ ਨੇ ਵੀ ਉਸ ਅਰਜ਼ੀ ਨੂੰ ਰੱਦ ਕਰ ਦਿੱਤਾ ਸੀ। ਇਸੇ ਕੇਸ 'ਚ ਇੱਕ ਹੋਰ ਨਾਮਜ਼ਦ ਵਿਸ਼ੂ ਕਪੂਰ ਵਲੋਂ ਵੀ ਜ਼ਮਾਨਤ ਦੀ ਅਰਜ਼ੀ ਲਗਾਈ ਗਈ ਸੀ ਪਰ ਉਸ ਨੂੰ ਵੀ ਜ਼ਮਾਨਤ ਨਹੀਂ ਮਿਲੀ ਸੀ। ਇੱਥੇ ਜਿਕਰਯੋਗ ਹੈ ਇਸ ਸੜਕ ਹਾਦਸੇ ਦੌਰਾਨ ਕਾਰਾਂ ਦੀ ਟੱਕਰ ਚ ਸਾਬਕਾ ਸਾਂਸਦ ਮਹਿੰਦਰ ਸਿੰਘ ਕੇ ਪੀ ਦੇ ਇਕਲੌਤੇ ਲੜਕੇ ਰਿਚੀ ਕੇ ਪੀ ਦੀ ਮੌਤ ਹੋ ਗਈ ਸੀ। ਪੁਲਿਸ ਨੇ ਕਿਹਾ ਸੀ ਕਰੇਟਾ ਚਾਲਕ ਦੀ ਲਾਪ੍ਰਵਾਹੀ ਤੇ ਤੇਜ ਰਫਤਾਰ ਕਰਕੇ ਹੀ ਰਿਚੀ ਕੇ ਪੀ ਦੀ ਜਾਨ ਗਈ ਸੀ ਤੇ ਹਾਦਸੇ ਤੋਂ ਪ੍ਰਿੰਸ ਰਿਚੀ ਕੇ ਪੀ ਨੂੰ ਹਸਪਤਾਲ ਲਿਜਾਉਣ ਦੀ ਥਾਂ ਮੌਕੇ ਤੋਂ ਫਰਾਰ ਹੋ ਗਿਆ ਸੀ।

### ਪੁਲਿਸ ਦਾ ਦਬਾਅ ਵਧਿਆ, ਅੰਤ ਵਿੱਚ ਕੀਤਾ ਆਤਮ ਸਮਰਪਣ

ਹਾਈਕੋਰਟ ਤੋਂ ਕੋਈ ਰਾਹਤ ਨਾ ਮਿਲਣ ਅਤੇ ਸਖ਼ਤ ਪੁਲਿਸ ਕਾਰਵਾਈ ਦਾ ਸਾਹਮਣਾ ਨਾ ਕਰਨ 'ਤੇ ਗੁਰਸ਼ਰਨ ਸਿੰਘ ਨੇ ਮੰਗਲਵਾਰ ਨੂੰ ਅਦਾਲਤ ਵਿੱਚ ਆਤਮ ਸਮਰਪਣ ਕਰਨ ਦਾ ਫੈਸਲਾ ਕੀਤਾ। ਪੁਲਿਸ ਸਟੇਸ਼ਨ 6 ਮੌਕੇ 'ਤੇ ਪਹੁੰਚੀ ਅਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ। ਦੱਸਿਆ ਜਾ ਰਿਹਾ ਹੈ ਕਿ ਪੁਲਿਸ ਨੇ ਪਹਿਲਾਂ ਹੀ ਦੋਸ਼ੀ ਦੇ ਸੰਭਾਵਿਤ ਟਿਕਾਣਿਆਂ 'ਤੇ ਨਿਗਰਾਨੀ ਵਧਾ ਦਿੱਤੀ ਸੀ। ਇਸ ਮਾਮਲੇ 'ਚ ਦੋਸ਼ੀ ਦੇ ਜੀਜੇ ਨੂੰ ਵੀ ਪੁਲਿਸ ਵਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ।



ਏ.ਸੀ.ਪੀ. (ਪੱਛਮੀ) ਸਰਵਨਜੀਤ ਸਿੰਘ ਪ੍ਰਦਰਸ਼ਨਕਾਰੀਆਂ ਨਾਲ ਗੱਲ ਕਰਦੇ ਹੋਏ।

## ਧਾਰਮਿਕ ਸਮਾਗਮ ਦੌਰਾਨ ਬੇਅਦਬੀ...

(ਸਫਾ 5 ਦੀ ਬਾਕੀ)

ਧਰਨਾਕਾਰੀਆਂ ਵਲੋਂ ਸੜਕਾਂ ਨੂੰ ਜਾਮ ਕਰ ਦਿੱਤਾ ਗਿਆ, ਜਿਸ ਨਾਲ ਲੰਮੇ ਸਮੇਂ ਤੱਕ ਆਵਾਜਾਈ ਪ੍ਰਭਾਵਿਤ ਹੋਈ। ਮੌਕੇ 'ਤੇ ਪਹੁੰਚੇ ਏ.ਸੀ.ਪੀ. (ਪੱਛਮੀ) ਸਰਵਨਜੀਤ ਸਿੰਘ ਨੇ ਪ੍ਰਦਰਸ਼ਨਕਾਰੀਆਂ ਨੂੰ ਭਰੋਸਾ ਦਿਵਾਇਆ ਕਿ ਉਹ ਜਿਵੇਂ ਹੀ ਬਿਆਨ ਦਰਜ ਕਰਵਾਉਣਗੇ, ਉਸ ਦੇ ਆਧਰ 'ਤੇ ਬਣਦੀ ਕਾਨੂੰਨੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ, ਜਿਸ ਤੋਂ ਬਾਅਦ ਪ੍ਰਦਰਸ਼ਨ ਸਮਾਪਤ ਕੀਤਾ ਗਿਆ।

## ਭਾਜਪਾ ਕੌਂਸਲਰ ਟੀਟੂ ਦੇ ਵਾਰਡ ਲਈ 1.70 ਕਰੋੜ ਦੇ ਪਾਸ ਕੰਮ...

(ਸਫਾ 5 ਦੀ ਬਾਕੀ)

ਪਾਬੰਦੀ ਲੱਗਣ ਦੇ ਬਾਵਜੂਦ ਟਰੈਕਟਰ ਟਰਾਲੀਆਂ ਦੀ ਵਰਤੋਂ ਨਿਗਮ ਵਿਚ ਕਰਨ ਦੀ ਨਿੰਦਾ ਕੀਤੀ ਤੇ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਦਰਸ਼ਨ ਭਗਤ ਨੇ ਕਿਹਾ ਕਿ ਜੇਕਰ ਸ਼ੁੱਕਰਵਾਰ ਤੱਕ ਇਸ ਮਾਮਲੇ ਵਿਚ ਤੱਸਲੀਬਖਸ਼ ਜਵਾਬ ਨਾ ਮਿਲਿਆ ਤਾਂ ਭਾਜਪਾ ਇਸ ਮਸਲੇ ਨੂੰ ਹਾਈਕੋਰਟ ਵਿਚ ਲੈ ਕੇ ਜਾਵੇਗੀ।

### ਰਿਸ਼ਤੇਦਾਰਾਂ ਦੇ ਨਾਂਅ 'ਤੇ ਕੰਮ ਲਏ ਜਾਣ ਦੀ ਵੀ ਚੱਲ ਰਹੀ ਚਰਚਾ

ਜਲੰਧਰ, ਨਗਰ ਨਿਗਮ ਵੱਲੋਂ ਕੁੱਝ ਕੱਚੇ ਮੁਲਾਜ਼ਮਾਂ ਵੱਲੋਂ ਆਪਣੇ ਰਿਸ਼ਤੇਦਾਰਾਂ ਦੇ ਨਾਂਅ 'ਤੇ ਲਏ ਕੰਮਾਂ ਦੀ ਨਿਗਮ ਵਿਚ ਕਾਫੀ ਚਰਚਾ ਹੋ ਰਹੀ ਹੈ ਤੇ ਦੱਸਿਆ ਜਾਂਦਾ ਹੈ ਕਿ ਕੁੱਝ ਸਮੇਂ ਤੋਂ ਇਹ ਪ੍ਰਚਲਣ ਲਗਾਤਾਰ ਵਧ ਰਿਹਾ ਹੈ ਤੇ ਇਸ ਤੋਂ ਕਈ ਠੇਕੇਦਾਰ ਵੀ ਨਾਰਾਜ਼ ਦੱਸੇ ਜਾ ਰਹੇ ਹਨ ਤੇ ਇਸ ਮਾਮਲੇ ਵਿਚ ਇਸ ਮਾਮਲੇ ਦੀ ਸ਼ਿਕਾਇਤ ਹੋਣ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਰਿਹਾ ਹੈ। ਦੱਸਿਆ ਜਾਂਦਾ ਹੈ ਕਿ ਕੁੱਝ ਸਮੇਂ ਤੋਂ ਕੁੱਝ ਕੱਚੇ ਮੁਲਾਜ਼ਮਾਂ ਵੱਲੋਂ ਆਪਣੇ ਰਿਸ਼ਤੇਦਾਰਾਂ ਦੇ ਨਾਂਅ 'ਤੇ ਵਿਕਾਸ ਦੇ ਕੰਮ ਲਏ ਗਏ ਹਨ ਤੇ ਇਹ ਕੰਮ ਕਈ ਲੰਬੇ ਸਮੇਂ ਤੋਂ ਲਏ ਗਏ ਹਨ। ਕੁੱਝ ਠੇਕੇਦਾਰਾਂ ਦਾ ਕਹਿਣਾ ਸੀ ਕਿ ਜੇਕਰ ਇਨ੍ਹਾਂ ਮਾਮਲਿਆਂ ਦੀ ਵਿਜੀਲੈਂਸ ਬਿਊਰੋ ਤੋਂ ਜਾਂਚ ਕਰਵਾ ਲਈ ਜਾਵੇ ਤਾਂ ਇਸ ਮਾਮਲੇ ਵਿਚ ਕਈ ਖ਼ੁਲਾਸੇ ਹੋਣਗੇ। ਉਂਜ ਕਈਆਂ ਦਾ ਕਹਿਣਾ ਹੈ ਕਿ ਕਈ ਬਾਰ ਜਦੋਂ ਘਟੀਆ ਕੰਮਾਂ ਦੇ ਮਾਮਲੇ ਸਾਹਮਣੇ ਆਉਂਦੇ ਹਨ ਤਾਂ ਚਾਹ ਕੇ ਵੀ ਇਨ੍ਹਾਂ ਮਾਮਲਿਆਂ ਵਿਚ ਕਾਰਵਾਈ ਨਹੀਂ ਹੁੰਦੀ ਕਿਉਂਕਿ ਜੇਕਰ ਕੁੱਝ ਕੱਚੇ ਮੁਲਾਜ਼ਮਾਂ ਦੇ ਰਿਸ਼ਤੇਦਾਰਾਂ ਦੇ ਨਾਂਅ ਕੰਮ ਲਏ ਗਏ ਹਨ ਤਾਂ ਇਸ ਬਾਰੇ ਕੋਈ ਵੀ ਅਫ਼ਸਰ ਜਾਂਚ ਨਹੀਂ ਕਰ ਸਕੇਗਾ। ਚਰਚਾ ਤਾਂ ਇਹ ਵੀ ਹੈ ਕਿ ਇਸ ਮਾਮਲੇ ਵਿਚ ਕਈ ਨਾਰਾਜ਼ ਠੇਕੇਦਾਰ ਸ਼ਿਕਾਇਤ ਕਰ ਸਕਦੇ ਹਨ ਤੇ ਇਸ ਮਾਮਲੇ ਦੇ ਬਾਹਰ ਆਉਣ ਨਾਲ ਤਾਂ ਕਈ ਨਵੇਂ ਖ਼ੁਲਾਸੇ ਹੋਣ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ।

### ਕਈ ਕੰਮਾਂ ਵਿਚ 30 ਫ਼ੀਸਦੀ ਛੋਟ ਤੇ ਸੈਨਸ਼ਨਾਂ ਦੇ ਕੰਮ ਪੂਰੇ ਰੇਟਾਂ 'ਤੇ

ਜਲੰਧਰ, (ਸ਼ਿਵ)-ਨਗਰ ਨਿਗਮ ਵਿਚ ਜਿੱਥੇ ਕੁੱਝ ਕੱਚੇ ਜੇ. ਈ. ਦੇ ਰਿਸ਼ਤੇਦਾਰਾਂ ਦੇ ਨਾਂਅ 'ਤੇ ਕੰਮ ਲੈਣ ਦੇ ਮਾਮਲੇ ਦੀ ਕਾਫ਼ੀ ਚਰਚਾ ਹੋ ਰਹੀ ਹੈ ਤੇ ਸਾਲਾਂ ਤੋਂ ਕੰਮ ਕਰਦੇ ਕਈ ਪੁਰਾਣੇ ਠੇਕੇਦਾਰ ਵੀ ਇਸ ਨਵੇਂ ਰਿਵਾਜ ਤੋਂ ਕਾਫ਼ੀ ਪ੍ਰੇਸ਼ਾਨ ਹਨ ਜਦਕਿ ਦੂਜੇ ਪਾਸੇ ਤਾਂ ਕਈ ਠੇਕੇਦਾਰਾਂ ਵਲੋਂ ਜਿੱਥੇ ਸੁਪਰ ਸਕਸ਼ਨਾਂ ਦੇ ਕੰਮਾਂ ਵਿਚ 30 ਫ਼ੀਸਦੀ ਤੱਕ ਛੋਟ ਦਿੱਤੀ ਗਈ ਹੈ ਜਦਕਿ ਉਨ੍ਹਾਂ ਨੂੰ ਸੈਨਸ਼ਨਾਂ ਦੇ ਕੰਮ ਪੂਰੇ ਰੇਟਾਂ 'ਤੇ ਦਿੱਤੇ ਜਾ ਰਹੇ ਹਨ ਤੇ ਆਉਣ ਵਾਲੇ ਸਮੇਂ ਵਿਚ ਇਨ੍ਹਾਂ ਕੰਮਾਂ 'ਤੇ ਕਈ ਇਤਰਾਜ਼ ਉੱਠਣ ਦੀ ਸੰਭਾਵਨਾ ਜ਼ਾਹਿਰ ਕੀਤੀ ਜਾ ਰਹੀ ਹੈ। ਉਂਜ ਵਿਰੋਧੀ ਧਿਰ ਨੇ ਵੀ ਹੁਣ ਇਸ ਤਰਾਂ ਦੀਆਂ ਕਈ ਬੇਨਿਯਮੀਆਂ ਦੇ ਦੋਸ਼ ਲਗਾ ਕੇ ਜਾਂਚ ਕਰਵਾਉਣ ਦੀ ਮੰਗ ਕਰਨੀ ਵੀ ਸ਼ੁਰੂ ਕਰ ਦਿੱਤੀ ਹੈ ਕਿ ਕਈ ਚਹੇਤਿਆਂ ਨੂੰ ਟਰੈਕਟਰ ਟਰਾਲੀਆਂ ਲਗਾ ਕੇ ਕੰਮ ਦਿੱਤੇ ਹੋਏ ਹਨ।


## ਪੰਜਾਬ ਰਾਜ ਗੁਦਾਮ ਨਿਗਮ, ਚੰਡੀਗੜ੍ਹ
## ਜ਼ਿਲ੍ਹਾ ਦਫਤਰ ਜਲੰਧਰ
### ਨੋਟਿਸ

ਪੰਜਾਬ ਸਰਕਾਰ ਦੁਆਰਾ ਡਿਫਾਲਟਰ ਮਿੱਲਾਂ ਦੇ ਫਾਇਦੇ ਲਈ OTS-2025 ਪਾਲਿਸੀ ਜਾਰੀ ਕੀਤੀ ਹੈ, ਜਿਸ ਅਨੁਸਾਰ ਹੇਠ ਲਿਖੀਆਂ ਮਿੱਲਾਂ ਨੂੰ OTS-2025 ਅਧੀਨ ਅਪਲਾਈ ਕਰਨ ਲਈ ਯੋਗ ਪਾਇਆ ਗਿਆ ਹੈ :-

| ਲੜੀ ਨੰ: | ਮਿੱਲਾਂ ਦਾ ਨਾਂਅ (ਮੈਸਰਜ਼) | ਕੇਂਦਰ ਦਾ ਨਾਂਅ /ਪਤਾ | ਫਸਲ ਸਾਲ |
|---|---|---|---|
| 1. | ਮਹਾਂਲਕਸ਼ਮੀ ਰਾਈਸ ਐਂਡ ਜਨਰਲ ਮਿੱਲਜ਼ | ਨਕੋਦਰ | 1995-96 |
| 2. | ਖ਼ੁਸ਼ੀ ਰਾਮ ਦੁਰਗਾ ਦਾਸ | ਜਲੰਧਰ | 2001-02 |
| 3. | ਰਾਮਾ ਕ੍ਰਿਸ਼ਨਾ ਰਾਈਸ ਐਂਡ ਜਨਰਲ ਮਿੱਲਜ਼ | ਫਿਲੌਰ | 2010-11 |
| 4. | ਉਜਾਗਰ ਮੱਲ ਸੱਤਪਾਲ | ਨਕੋਦਰ | 2011-12 |
| 5. | ਸੰਧੂ ਰਾਈਸ ਐਂਡ ਜਨਰਲ ਮਿੱਲਜ਼ | ਨਕੋਦਰ | 2012-13 |

ਉਪਰੋਕਤ ਮਿੱਲ ਮਾਲਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਸਰਕਾਰ ਦੁਆਰਾ ਦਿੱਤੇ ਗਏ ਲਾਭ ਲੈਣ ਲਈ ਮਿਤੀ 31.10.2025 ਜਾਂ ਇਸ ਤੋਂ ਪਹਿਲਾਂ ਨਿਮਨ ਹਸਤਾਖਰ ਨਾਲ ਸੰਪਰਕ ਕਰਨ।

ਜ਼ਿਲ੍ਹਾ ਪ੍ਰਬੰਧਕ,
ਪੰਜਾਬ ਰਾਜ ਗੁਦਾਮ ਨਿਗਮ, ਜਲੰਧਰ।

No. : PWC/DM/JLD 5875/25 M.-81466-62007, 81468-77336



ਸੰਪਾਦਕ-ਰਾਜਿੰਦਰ ਸਿੰਘ। ਪ੍ਰਕਾਸ਼ ਕੌਰ ਹਮਦਰਦ, ਪ੍ਰਿੰਟਰ, ਪਬਲਿਸ਼ਰ ਤੇ ਸੈਕਟਰੀ ਟਰੱਸਟ ਨੇ ਸਾਧੂ ਸਿੰਘ ਹਮਦਰਦ ਟਰੱਸਟ ਲਈ ਡੇਲੀ ਅਜੀਤ ਪ੍ਰਿੰਟਰਜ਼, ਲਿੱਧੜਾਂ, ਜਲੰਧਰ ਤੋਂ ਛਪਵਾ ਕੇ ਨਹਿਰੂ ਗਾਰਡਨ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
ਆਰ. ਐਨ. ਆਈ. ਰਜਿਸਟ੍ਰੇਸ਼ਨ ਨੰ: 7107/59

Editor- Rajinder Singh. Printer, Publisher and Secretary Parkash Kaur Hamdard. Printed for Sadhu Singh Hamdard Trust at Daily Ajit Printers, Lidhran, Jalandhar and Published from Nehru Garden Road, Jalandhar
RNI Regd. No:- 7107/59